# ਪਹਿਲਾਂ ਦੀ ਗੰਭੀਰ ਨਸ਼ੀਲੇ ਪਦਾਰਥਾਂ ਸਬੰਧੀ ਦੋਸ਼-ਸਿੱਧੀ ਵਾਲੇ ਲੋਕਾਂ ਲਈ ਤਬਦੀਲੀਆਂ:

1 ਅਪ੍ਰੈਲ 2015 ਨੂੰ, CalWORKs ਅਤੇ CalFresh ਪ੍ਰੋਗਰਾਮ ਗੰਭੀਰ ਨਸ਼ੀਲੇ ਪਦਾਰਥਾਂ ਸਬੰਧੀ ਦੋਸ਼-ਸਿੱਧੀ ਵਾਲੇ ਲੋਕਾਂ ਨੂੰ ਬੈਨਿਫ਼ਿਟ ਲੈਣ ਦੀ ਇਜਾਜ਼ਤ ਦੇਣਗੇ। ਇਸਦਾ ਮਤਲਬ ਹੈ ਕਿ ਜਿਨ੍ਹਾਂ ਲੋਕਾਂ ਨੂੰ ਦੋਸ਼-ਸਿੱਧੀ ਦੇ ਕਾਰਨ ਬੈਨਿਫ਼ਿਟ ਮਨ੍ਹਾਂ ਕਰ ਦਿੱਤੇ ਗਏ ਸਨ ਜਾਂ ਬੰਦ ਕਰ ਦਿੱਤੇ ਗਏ ਸਨ ਉਹਨਾਂ ਨੂੰ ਹੋਰ ਬੈਨਿਫ਼ਿਟ ਮਿਲ ਸਕਦੇ ਹਨ। ਮਾਪਿਆਂ ਨੂੰ ਆਪਣੇ-ਆਪ CalWORKs ਅਸਿਸਟੈਂਸ ਯੂਨਿਟ (AU) ਵਿੱਚ ਜੋੜ ਦਿੱਤਾ ਜਾਵੇਗਾ। ਕਾਉਂਟੀ ਤੁਹਾਨੂੰ ਦੱਸੇਗੀ ਕਿ ਇਸ ਵਿਅਕਤੀ 'ਤੇ ਬੈਨਿਫ਼ਿਟਾਂ ਲਈ ਪ੍ਰਕਿਰਿਆ ਕਰਨ ਲਈ ਕੀ ਉਹਨਾਂ ਨੂੰ ਹੋਰ ਜਾਣਕਾਰੀ ਚਾਹੀਦੀ ਹੈ।

ਉਹਨਾਂ ਮਤਰੇਅ ਮਾਪਿਆਂ, ਜੋ ਚੋਣਵੇਂ ਸਨ ਅਤੇ ਪਹਿਲਾਂ ਹੀ ਤੁਹਾਡੇ AU ਦਾ ਹਿੱਸਾ ਨਹੀਂ ਸਨ, ਨੂੰ ਵੀ ਜੋੜਿਆ ਜਾ ਸਕਦਾ ਹੈ ਪਰ ਜੇ ਤੁਸੀਂ ਕਿਸੇ ਮਤਰੇਅ ਮਾਪੇ ਜਾਂ ਰਜਿਸਟਰਡ ਡੋਮੈਸਟਿਕ ਪਾਰਟਨਰ ਲਈ ਬੈਨਿਫ਼ਿਟ ਚਾਹੁੰਦੇ ਹੋ ਤਾਂ ਤੁਹਾਨੂੰ ਕਾਉਂਟੀ ਨਾਲ ਸੰਪਰਕ ਕਰਨ ਦੀ ਲੋੜ ਹੋਵੇਗੀ।

CalWORKs ਅਤੇ CalFresh ਲੈਣ ਵਾਲੇ ਬਾਕੀ ਸਾਰੇ ਲੋਕਾਂ ਦੀ ਤਰ੍ਹਾਂ ਹੀ, ਗੰਭੀਰ ਨਸ਼ੀਲੇ ਪਦਾਰਥਾਂ ਸਬੰਧੀ ਦੋਸ਼-ਸਿੱਧੀ ਵਾਲੇ ਉਹਨਾਂ ਲੋਕਾਂ, ਜੋ ਪੈਰੋਲ ਜਾਂ ਪ੍ਰੋਬੇਸ਼ਨ 'ਤੇ ਹਨ, ਨੂੰ ਆਪਣੀ ਪੈਰੋਲ ਜਾਂ ਪ੍ਰੋਬੇਸ਼ਨ ਦੇ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ, ਜਿਸ ਵਿੱਚ ਪ੍ਰਵਾਨਿਤ ਦਵਾਈ ਨਾਲ ਇਲਾਜ ਦੀਆਂ ਯੋਜਨਾਵਾਂ ਸ਼ਾਮਲ ਹਨ, ਜੇ ਉਹ ਵਿਅਕਤੀ ਦੀ ਪੈਰੋਲ ਜਾਂ ਪ੍ਰੋਬੇਸ਼ਨ ਦਾ ਹਿੱਸਾ ਹੈ।

**ਤੁਹਾਨੂੰ ਮਾਰਚ ਵਿੱਚ ਕਾਰਵਾਈ ਦਾ ਨੋਟਿਸ ਮਿਲੇਗਾ ਜਿਸ ਵਿੱਚ 1 ਅਪ੍ਰੈਲ ਤੋਂ ਸ਼ੁਰੂ ਹੋਣ ਵਾਲੇ ਤੁਹਾਡੇ ਨਵੇਂ ਬੈਨਿਫ਼ਿਟ ਦਿਖਾਏ ਜਾਣਗੇ।**

## CalFresh ਵਿੱਚ ਤਬਦੀਲੀਆਂ:

ਕਿਸੇ ਵਿਅਕਤੀ ਨੂੰ CalFresh ਪਰਿਵਾਰ ਵਿੱਚ ਸ਼ਾਮਲ ਕਰਨ ਨਾਲ ਆਮ ਤੌਰ 'ਤੇ ਤੁਹਾਨੂੰ ਵਧੇਰੇ ਫੂਡ ਬੈਨਿਫ਼ਿਟ ਮਿਲਦੇ ਹਨ। ਜੇ ਵਿਅਕਤੀ ਨੂੰ CalWORKs ਵਿੱਚ ਵੀ ਜੋੜਿਆ ਜਾਂਦਾ ਹੈ, ਅਤੇ ਨਗਦੀ ਸਹਾਇਤਾ ਵੱਧ ਜਾਂਦੀ ਹੈ, ਤਾਂ ਸ਼ਾਇਦ CalFresh ਬੈਨਿਫ਼ਿਟ ਘੱਟ ਸਕਦੇ ਹਨ। **ਜੇ ਤੁਹਾਡੇ CalFresh ਬੈਨਿਫ਼ਿਟ ਬਦਲਦੇ ਹਨ ਤਾਂ ਤੁਹਾਨੂੰ ਵੱਖਰਾ ਨੋਟਿਸ ਮਿਲੇਗਾ।**

## Welfare-to-Work:

ਕਿਸੇ ਬਾਲਗ ਵਿਅਕਤੀ ਨੂੰ CalWORKs ਵਿੱਚ ਸ਼ਾਮਲ ਕਰਨ ਨਾਲ ਪਰਿਵਾਰ ਲਈ ਕੰਮ ਦੀਆਂ ਲੋੜਾਂ ਬਦਲ ਸਕਦੀਆਂ ਹਨ। ਇਹ ਜ਼ਰੂਰੀ ਹੈ ਕਿ ਸਹਾਇਤਾ ਲੈਣ ਵਾਲੇ ਬਾਲਗ ਕੰਮ ਕਰਨ ਜਾਂ ਅਜਿਹੀਆਂ ਗਤੀਵਿਧੀਆਂ ਕਰਨ ਜਿਨ੍ਹਾਂ ਦੇ ਨਤੀਜੇ ਵੱਜੋਂ ਕੰਮ ਮਿਲ ਸਕਦਾ ਹੈ। ਕੁਝ ਲੋਕਾਂ ਨੂੰ ਸ਼ਾਇਦ ਕੰਮ ਦੀ ਲੋੜ ਤੋਂ ਮਾਫ਼ੀ (ਛੂਟ) ਦਿੱਤੀ ਜਾ ਸਕਦੀ ਹੈ। 1 ਅਪ੍ਰੈਲ 2015 ਤੋਂ ਸ਼ੁਰੂ ਕਰਦੇ ਹੋਏ ਤੁਹਾਡੇ AU ਵਿੱਚ ਜੋੜੇ ਗਏ ਗੰਭੀਰ ਨਸ਼ੀਲੇ ਪਦਾਰਥਾਂ ਸਬੰਧੀ ਦੋਸ਼-ਸਿੱਧੀ ਵਾਲੇ ਲੋਕਾਂ ਨੂੰ Welfare-to-Work (WTW) ਪ੍ਰੋਗਰਾਮ ਕਰਨ ਦੀ ਲੋੜ ਹੋ ਸਕਦੀ ਹੈ। WTW ਕਰਨ ਦੀ ਲੋੜ ਨਾ ਹੋਣ ਵਾਲੇ ਲੋਕ ਆਪਣੀ ਮਰਜ਼ੀ ਨਾਲ ਇਹ ਕਰ ਸਕਦੇ ਹਨ।

WTW ਪ੍ਰੋਗਰਾਮ ਨੌਕਰੀ ਲੱਭਣ ਵਿੱਚ ਤੁਹਾਡੀ ਮਦਦ ਕਰਨ ਲਈ, ਤੁਹਾਨੂੰ ਸਿੱਖਿਆ, ਸਿਖਲਾਈ, ਅਤੇ ਨੌਕਰੀ ਦੇ ਹੁਨਰ ਦੇ ਸਕਦਾ ਹੈ। ਕਾਉਂਟੀ ਬੱਚਿਆਂ ਦੀ ਦੇਖਭਾਲ ਦਾ ਪ੍ਰਬੰਧ ਕਰਨ ਅਤੇ ਇਸ ਲਈ ਭੁਗਤਾਨ ਕਰਨ ਵਿੱਚ ਵੀ ਤੁਹਾਡੀ ਮਦਦ ਕਰੇਗੀ। ਤੁਹਾਨੂੰ ਟ੍ਰਾਂਸਪੋਰਟੇਸ਼ਨ ਅਤੇ ਹੋਰ ਲਾਗਤਾਂ ਵੀ ਮਿਲਦੀਆਂ ਹਨ, ਜਿਵੇਂ ਕਿ ਵਿਸ਼ੇਸ਼ ਸੰਦ ਜਾਂ ਕੱਪੜੇ, ਜਿਨ੍ਹਾਂ ਦੀ ਤੁਹਾਨੂੰ ਕੋਈ ਨੌਕਰੀ ਕਰਨ ਜਾਂ ਆਪਣਾ WTW ਪ੍ਰੋਗਰਾਮ ਕਰਨ ਲਈ ਲੋੜ ਹੁੰਦੀ ਹੈ। ਜੇ ਤੁਹਾਡਾ ਪਰਿਵਾਰ ਸੰਕਟ ਵਿੱਚ ਹੈ, ਜਿਵੇਂ ਕਿ ਬੇਘਰ ਹੋ ਜਾਣਾ ਜਾਂ ਪਰਿਵਾਰਕ ਸਮੱਸਿਆਵਾਂ, ਤਾਂ CalWORKs ਸ਼ਾਇਦ ਤੁਹਾਨੂੰ ਖਾਸ ਸੇਵਾਵਾਂ ਵੀ ਦੇ ਸਕਦਾ ਹੈ।

ਜੇ ਤੁਹਾਨੂੰ WTW ਕਰਨ ਦੀ ਲੋੜ ਹੈ, ਅਤੇ ਤੁਸੀਂ ਆਪਣੀ ਲੋੜੀਂਦੀ ਅਸਾਈਨਮੈਂਟ ਨਹੀਂ ਕਰਦੇ ਹੋ, ਤਾਂ ਤੁਹਾਡੀ ਨਗਦੀ ਸਹਾਇਤਾ ਘਟਾਈ ਜਾ ਸਕਦੀ ਹੈ। ਕਾਉਂਟੀ ਤੁਹਾਨੂੰ CalWORKs ਕੰਮ ਦੀਆਂ ਲੋੜਾਂ ਬਾਰੇ ਹੋਰ ਜਾਣਕਾਰੀ ਭੇਜੇਗੀ। ਇਹ ਤੁਹਾਨੂੰ WTW ਦੀ ਲੋੜਾਂ ਤੋਂ ਛੂਟ ਲਈ ਬੇਨਤੀ ਕਰਨ ਵਾਸਤੇ ਇੱਕ ਫਾਰਮ ਵੀ ਭੇਜੇਗੀ।

## ਬਾਲ ਦੇਖਭਾਲ:

ਜਿਹੜੇ ਬਾਲਗਾਂ ਨੂੰ CalWORKs ਬੈਨਿਫ਼ਿਟ ਮਿਲਦਾ ਹੈ ਉਹਨਾਂ ਨੂੰ ਬਾਲ ਦੇਖਭਾਲ ਸੇਵਾਵਾਂ ਮਿਲ ਸਕਦੀਆਂ ਹਨ ਜੇ ਉਹ ਕੰਮ ਕਰ ਰਹੇ ਹਨ ਜਾਂ ਪ੍ਰਵਾਨਿਤ WTW ਗਤੀਵਿਧੀ ਕਰ ਰਹੇ ਹਨ। ਜੇ ਤੁਹਾਡੇ ਬੱਚੇ ਨੂੰ ਵਰਤਮਾਨ ਵਿੱਚ ਬਾਲ ਦੇਖਭਾਲ ਮਿਲ ਰਹੀ ਹੈ ਅਤੇ ਤੁਹਾਨੂੰ CalWORKs ਮਿਲਣਾ ਸ਼ੁਰੂ ਹੋ ਜਾਂਦਾ ਹੈ, ਤਾਂ ਬਾਲ ਦੇਖਭਾਲ ਪ੍ਰਦਾਤਾਵਾਂ ਨੂੰ ਬਦਲਣਾ ਜ਼ਰੂਰੀ ਨਹੀਂ ਹੁੰਦਾ, ਖਾਸ ਕਰਕੇ ਜੇ ਤੁਹਾਡਾ ਪ੍ਰਦਾਤਾ CalWORKs ਬਾਲ ਦੇਖਭਾਲ ਭੁਗਤਾਨ ਸਵੀਕਾਰ ਕਰੇਗਾ।

**ਬਾਲ ਦੇਖਭਾਲ ਦੇ ਉਹਨਾਂ ਵਿਕਲਪਾਂ ਦੀ ਉਪਲਬਧਤਾ ਬਾਰੇ ਚਰਚਾ ਕਰਨ ਲਈ ਜਿਨ੍ਹਾਂ ਦੇ ਤੁਸੀਂ ਸ਼ਾਇਦ ਹੱਕਦਾਰ ਹੋ ਸਕਦੇ ਹੋ, ਕਾਉਂਟੀ ਨਾਲ ਸੰਪਰਕ ਕਰੋ।**

## ਬਾਲ ਸਹਾਇਤਾ:

ਜਿਹੜੇ ਬਾਲਗਾਂ ਨੂੰ CalWORKs ਮਿਲਦਾ ਹੈ ਉਹਨਾਂ ਨੂੰ CalWORKs ਵਾਲੇ ਬੱਚਿਆਂ ਲਈ ਬਾਲ ਸਹਾਇਤਾ ਕਲੈਕਸ਼ਨ ਵਿੱਚ ਸਹਿਯੋਗ ਜ਼ਰੂਰ ਕਰਨਾ ਚਾਹੀਦਾ ਹੈ। ਕਲੈਕਟ ਕੀਤੀ ਗਈ ਬਾਲ ਸਹਾਇਤਾ ਲਾਜ਼ਮੀ ਤੌਰ 'ਤੇ ਕਾਉਂਟੀ ਨੂੰ ਵਾਪਸ ਕਰ ਦਿੱਤੀ ਜਾਣੀ ਚਾਹੀਦੀ ਹੈ। ਉਸਦਾ ਮਤਲਬ ਹੈ ਕਿ ਜਦੋਂ ਤੁਹਾਡਾ ਮਾਮਲਾ ਬਾਲ ਸਹਾਇਤਾ ਸੇਵਾਵਾਂ ਕੋਲ ਭੇਜਿਆ ਜਾਂਦਾ ਹੈ ਤਾਂ ਤੁਹਾਨੂੰ ਬਾਲ ਸਹਾਇਤਾ ਵਿੱਚ ਵੱਧ ਤੋਂ ਵੱਧ ਸਿਰਫ $50 ਪ੍ਰਤੀ ਮਹੀਨਾ ਮਿਲਣਗੇ। ਇਸ $50 ਨੂੰ ਤੁਹਾਡੀ ਗ੍ਰਾਂਟ ਵਿੱਚ ਨਹੀਂ ਗਿਣਿਆ ਜਾਵੇਗਾ। ਤੁਹਾਡੀ ਬਾਕੀ ਦੀ ਬਾਲ ਸਹਾਇਤਾ ਨੂੰ ਤੁਹਾਡੀ ਨਗਦੀ ਸਹਾਇਤਾ ਦਾ ਵਾਪਸੀ ਭੁਗਤਾਨ ਕਰਨ ਲਈ ਵਰਤਿਆ ਜਾਂਦਾ ਹੈ।

**ਜੇ ਤੁਹਾਡੇ ਕੋਲ ਆਪਣੀ ਬਾਲ ਸਹਾਇਤਾ ਵਿੱਚ ਤਬਦੀਲੀਆਂ ਬਾਰੇ ਪ੍ਰਸ਼ਨ ਹਨ ਜਾਂ ਜੇ ਬਾਲ ਸਹਾਇਤਾ ਕਲੈਕਟ ਕਰਨ 'ਤੇ ਤੁਹਾਡੇ ਪਰਿਵਾਰ ਜੋਖਮ ਵਿੱਚ ਆ ਜਾਵੇਗਾ ਤਾਂ ਕਾਉਂਟੀ ਨਾਲ ਸੰਪਰਕ ਕਰੋ।**